**BEFORE THE HON'BLE NATIONAL GREEN TIRBUNAL**

**ORIGINAL APPLICATION No. 861 OF 2022**

**IN THE MATTER OF:**

**KULDEEP SINGH KHAIRA & ORS. ...APPLICANT**

**VERSUS**

**STATE OF PUNJAB & ORS ...RESPONDENT**

**ADDITIONAL REPLY ON BEHALF OF MUNICIPAL CORPORATION, LUDHIANA IN COMPLIANCE OF ORDER DATED 22.08.2024.**

IT IS MOST RESPECTFULLY SHOWETH:

1. That I, Aaditya Dachalwal working as Commissioner, Municipal Corporation Ludhiana is filing this reply on behalf of Municipal Corporation, Ludhiana, Punjab.

2. The grievance of the applicant concerns the Sidhwan Canal passing through Ludhiana, which is alleged to be highly polluted due to the dumping of plastic bags, polyester clothes waste, and other non-biodegradable materials. The applicant has also submitted that there is substantial encroachment on its sides, but no action has been taken by the Irrigation Department of Punjab or any other authorities.

NOTARY PUBLIC Ashwani Jolly LUDHIANA (Pb.) Regd. No. 2784 GOVT. OF INDIA

3. That it is submitted that the Municipal Corporation of Ludhiana is fully committed to complying with the provisions of the Solid Waste Management Rules, 2016, and the protection and conservation of the environment. It is also submitted that the Municipal Corporation of Ludhiana is striving hard, with all efforts, to ensure that problems related to the management of solid waste are sorted out at the earliest in a time-bound manner.

1042 2/12/24

4. That it is submitted that the Municipal Corporation, Ludhiana always strive to remove any secondary dumpsites if formed and has installed multiple compactors at transfer stations where solid waste management is done as per Solid Waste Management Rules 2016. As a result of these efforts, among

other endeavors, the earlier existing temporary garbage collection point situated at Gill Road near Sidhwan Canal have been permanently closed.

5. That it is further submitted that encroachments by the side of canal have been duly removed for developing green belt from Dhuri Line to Gill Road along Sidhwan Canal. It is submitted that work order pertaining to development of green belt has already been issued vide order dated 15.02.2024 and work is under progress. It is pertinent to mention that 70% work has been completed and complete development of green belt shall be completed by 15-01-2025. Copy of the photographs of green belt is annexed herewith as **ANNEXURE R-1**

6. That for scientific disposal and processing of solid waste of the area of Sidhwan Canal, It was proposed to establish Compactor station at Dana Mandi, Gill road Ludhiana. However, despite best efforts, due to non-clearance of this site from encroachments, it was decided to collect and process the solid waste of the said area at two different Transfer Stations situated at Dugri Bridge and Partap Chowk near Sangeet Cinema which are fully functional. It is also submitted that since the Dugri Road and Partap Chowk near Sangeet Cinema Compactors are operational, all the waste from the Sidhwan Canal Secondary collection point has been closed. It is further submitted that there are 4 portable compactors installed at each site out of which 2 are Green and 2 are blue and each portable compactors holds 7.5 tonnes of waste, thus one compactor station site has a capacity of 30 tonnes of waste and both compactor sites have approximately 60 tonnes capacity which is suitable for collecting the waste from the rest of the area including the waste from the Sidhwan Canal Secondary Collection Point. Report of the same is annexed herewith as **ANNEXURE R-2.**

NOTARY PUBLIC Ashwani Jolly LUDHIANA (Pb.) Regd. No. 2784 GOVT. OF INDIA

1042
2/12/24

7. That It is submitted that in regard to compactor sites, a meeting was held on 19.10.2023 between Punjab Mandi Board and Municipal Corporation, Ludhiana. In that meeting, decision regarding the land to be given to Municipal Corporation, Ludhiana for construction of compactor shed on Dana Mandi, Gill Road was also taken. It is further submitted that there are illegal slum houses built at that place and due to this fact, the said site was not cleared at that time. It is further submitted that Municipal Corporation, Ludhiana had already issued letter bearing no.593/1/SE/LSCL dated 01-08-2024, 622/SE/LSCL dated 1.10.2024 and 643/SE/LSCL dated 21.10.2024 to District Mandi Board, Ludhiana for providing any alternative site for construction of compactor but no alternative site has been provided to Municipal Corporation Ludhiana so far. It is further submitted that Market Committee, Ludhiana has already filed a case under P.P Act (Punjab Public Premises and Land Eviction and Rent Recovery Act 1973) before the Hon'ble Court which is under consideration in the Hon'ble Court of Sub –Divisional Magistrate Ludhiana West. Copy of the same report and letter is attached here with as ANNEXURE **R-3, R-4.** Nevertheless, it is humbly submitted that due to inadvertent error, submissions earlier made by the deponent regarding start of construction work at compactor station at Dana Mandi, Gill road were accidentally made. Actually, the construction of compactor station at full swing was going on at Sabzi Mandi situated at Bahadurke road, Ludhiana. The deponent tenders unconditional apology for this unintended error.

NOTARY PUBLIC Ashwani Jolly LUDHIANA (Pb.) Regd. No. 2784 GOVT. OF INDIA

1 d12
2/12/2024

8. The Municipal Corporation of Ludhiana has always been diligent and is committed to complying with the provisions of the Solid Waste Management Rules, 2016, and has taken every steps for protection and conservation of the environment including providing safeguards to the canal from any kind of

pollution. It is also submitted that the Municipal Corporation of Ludhiana has always complied with the orders and directions issued by the Hon'ble Supreme Court and the Hon'ble Tribunal.

9. Therefore, it is humbly prayed that in light of above submissions, the present O.A. may kindly be disposed off.

NOTARY PUBLIC
Ashwani Jolly
LUDHIANA (Pb.)
Regd. No. 2784
GOVT. OF INDIA

Certified that the affidavit S.P.A./G.P.A. has been readover & explained to the deponent; executant who seemed porrectly to understand the same at the time makino above there of

2/12

**DEPONENT**
Commissioner
Municipal Corporation
Ludhiana

VERIFICATION

Verified at Ludhiana on 02-12-2024 that the contents of the above reply in so far as they relate to factual position are true upon the information derived from the official record and in so far as they relate to the legal submissions are true upon the advice received and believed by me to be true. Rest is by way of submissions before this Hon'ble Tribunal.

1042
2/12/2024

ATTESTED AS IDENTIFIED
NOTARY PUBLIC, LDH
2 DEC 2024

2/12

**DEPONENT**

Commissioner
Municipal Corporation
Ludhiana

ANNEXURE A-1

















Annexure R2

DATE - 21/10/2024

10/CS1/24/D

ਵਿਸ਼ਾ:- ਸਿਧਵਾਂ ਕੈਨਾਲ ਕੂੜੇ ਦੇ ਡੰਪ ਦਾ ਕੂੜਾ ਦੁੱਗਰੀ ਕੰਪੈਕਟਰ ਅਤੇ ਪ੍ਰਤਾਪ ਚੌਂਕ ਕੰਪੈਕਟਰ ਤੇ ਸਿਫਟ ਕਰਨ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਐਨ.ਜੀ.ਟੀ ਦੇ ਕੇਸ ਨੰ: ੮੬੧ ਅਨੁਸਾਰ ਸਿਧਵਾਂ ਕੈਨਾਲ ਉੱਪਰ ਬਣੇ ਕੂੜੇ ਦੇ ਸੰਕੰਡਰੀ ਕੁਲੈਕਸ਼ਨ ਪੁਆਇੰਟ ਨੂੰ ਪੂਰਨ ਤੌਰ ਤੇ ਬੰਦ ਕਰ ਦਿੱਤਾ ਗਿਆ ਹੈ। ਇਸ ਸੰਕੰਡਰੀ ਪੁਆਇੰਟ ਦੇ ਰੋਜਾਨਾ ਤਕਰੀਬਨ 40 ਤੋਂ 50 ਟਨ ਕੂੜਾ ਆਉਂਦਾ ਸੀ। ਪ੍ਰਤਾਪ ਚੌਂਕ ਅਤੇ ਦੁੱਗਰੀ ਰੋਡ ਕੰਪੈਕਟਰ ਚਾਲੂ ਹੋਣ ਤੇ ਸਿਧਵਾਂ ਕੈਨਾਲ ਸੰਕੈਡਰੀ ਕੁਲੈਕਸ਼ਨ ਪੁਆਇੰਟ ਦਾ ਸਾਰਾ ਕੂੜਾ ਬੰਦ ਕਰਕੇ ਇੰਨਾਂ ਦੋਨਾਂ ਕੰਪੈਟਰਾਂ ਤੇ ਸ਼ਿਫਟ ਕੀਤਾ ਗਿਆ ਹੈ। ਹੁਣ ਸਿਧਵਾਂ ਕੈਨਾਲ ਸੰਕੈਡਰੀ ਕੁਲੈਕਸ਼ਨ ਪੁਆਇੰਟ ਤੇ ਕੋਈ ਕੂੜਾ ਨਹੀਂ ਆਉਂਦਾ।

ਰਿਪੋਰਟ ਆਪ ਜੀ ਦੀ ਜਾਣਕਾਰੀ ਹਿੱਤ ਪੇਸ਼ ਹੈ ਜੀ।

CSI

21/10/2024

21.10.2024

Seen

Keep in record, attach with file of NGT Case titled as Kuldeep Singh Khaira v/s State of Punjab & others

22/10/24

Law Branch (Varinder Kumar) and put up the Status Reports for prepare the additional reply.

173/2318
23-08-24

ਨੰ: 886/CSI/ZC/D ਮਿਤੀ: 23/08/2024

ਵਿਸ਼ਾ:- ਸਿੱਧਵਾਂ ਕੈਨਾਲ ਤੋ ਕੂੜਾ ਘਰ ਬੰਦ ਕਰਵਾਉਣ ਉਪਰਾਂਤ ਕੂੜਾ ਦੁੱਗਰੀ ਕੰਪੈਕਟਰ ਅਤੇ ਪ੍ਰਤਾਪ ਚੌਂਕ ਕੰਪੈਕਟਰ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਅਧੀਨ ਐਨ.ਜੀ.ਟੀ ਦੇ ਕੇਸ ਨੂੰ ਅਤੇ ਸੋਲਿਡ ਵੇਸਟ ਮੈਨੇਜਮੈਂਟ ਰੂਲਜ਼ 2016 ਦੀਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਸਿੱਧਵਾਂ ਕੈਨਾਲ ਤੇ ਬਣੇ ਕੂੜੇ ਦੇ ਸਕੈਂਡਰੀ ਕੁਲੈਕਸ਼ਨ ਪੁਆਇੰਟ ਨੂੰ ਪੂਰਨ ਤੌਰ ਤੇ ਬੰਦ ਕਰ ਦਿੱਤਾ ਗਿਆ ਹੈ।

ਸਿੱਧਵਾਂ ਕੈਨਾਲ ਦਾ ਕੂੜਾ ਦੁੱਗਰੀ ਕੰਪੈਕਟਰ ਸਾਈਟ ਅਤੇ ਪ੍ਰਤਾਪ ਚੌਂਕ ਕੰਪੈਕਟਰ ਸਾਈਟ ਤੇ ਸ਼ਿਫਟ ਕੀਤਾ ਗਿਆ ਹੈ।ਇੱਥੇ ਹਰ ਸਾਈਟ ਤੇ 4-4 ਪੋਰਟੇਬਲ ਕੰਪੈਕਟਰ ਲੱਗੇ ਹੋਏ ਹਨ ਜਿਨ੍ਹਾਂ ਵਿੱਚੋ 2 ਹਰੇ ਤੇ 2 ਨੀਲੇ ਹਨ।ਇੱਕ ਕੰਪੈਕਟਰ ਵਿੱਚ 7.5 ਟਨ ਕੂੜਾ ਪੈਂਦਾ ਹੈ।ਇੱਕ ਕੰਪੈਕਟਰ ਸਟੇਸ਼ਨ ਦੀ ਸਾਈਟ ਤੇ 30 ਟਨ ਕੂੜੇ ਦੀ ਕਪੈਸਟੀ ਹੈ।ਇਸ ਤਰਾਂ ਦੋਨੋ ਕੰਪੈਕਟਰ ਸਾਈਟਾਂ ਦੀ ਕੁੱਲ ਕਪੈਸਟੀ ਲੱਗਭਗ 60 ਟਨ ਬਣਦੀ ਹੈ।ਜੋ ਕਿ ਸਿੱਧਵਾਂ ਕੈਨਾਲ ਸਕੈਡੰਰੀ ਕੁਲੈਕਸ਼ਨ ਪੁਆਇੰਟ ਦੇ ਕੂੜੇ ਸਮੇਤ ਬਾਕੀ ਇਲਾਕਿਆ ਦੇ ਕੂੜੇ ਨੂੰ ਇਕੱਠਾ ਕਰਨ ਲਈ ਉਪਯੁੱਕਤ ਹੈ।

23/8/2024

ਸਫਾਈ ਨਿਰੀਖਕ
ਜੋਨ-ਸੀ

23/8/24

Seen keep in record for further followup. as per N.G.T Guidelines (keep in hard file of NGT case)

**Annexure R2**

110/C51/2C/D DATE-21/10/2024

Subject: - Sifting of waste from Sidhwan Canal garbage dump at Dugri Compactor and Pratap Chowk Compactor.

Regarding the above subject, it is brought to your notice that as per NGT Case No: 861, the secondary collection point of garbage built on Sidhwa Canal has been completely closed. About 40 to 50 tons of garbage used to come to this secondary point every day. When the Pratap Chowk and Dugri road compactors are operational, all the waste from the Sidhwa Canal collection point has been closed and shifted to these two compactors. Now no garbage comes to the Sidhwan Canal Secondary Collection Point.

The report is presented for your information.

21/10/2024

**ਵਿਸਾ:-** **ਦਾਣਾ ਮੰਡੀ ਗਿੱਲ ਰੋਡ ਅਤੇ ਫਲ ਅਤੇ ਸਬਜੀ ਮੰਡੀ ਕਾਰਾਬਾਰਾ ਚੌਂਕ ਲੁਧਿਆਣਾ ਵਿਖੇ ਫਲ-ਸਬਜੀਆਂ ਦੀ ਰਹਿੰਦ-ਖੂੰਹਦ ਅਤੇ ਕੂੜੇ-ਕਰਕਟ ਨੂੰ ਡਿਸਪੋਜ ਆਫ ਕਰਨ ਲਈ ਨਗਰ ਨਿਗਮ ਲੁਧਿਆਣਾ ਨੂੰ ਕੰਪੈਕਟਰ ਲਗਾਉਣ ਲਈ ਜਗ੍ਹਾ ਦੇਣ ਬਾਰੇ ਮੀਟਿੰਗ ਮਿਤੀ 19-10-2023 ਦੀ ਕਾਰਵਾਈ ਰਿਪੋਰਟ:-**

ਦਾਣਾ ਮੰਡੀ ਗਿੱਲ ਰੋਡ ਅਤੇ ਫਲ ਅਤੇ ਸਬਜੀ ਮੰਡੀ ਕਾਰਾਬਾਰਾ ਚੌਂਕ ਲੁਧਿਆਣਾ ਵਿਖੇ ਫਲ-ਸਬਜੀਆਂ ਸਬਜੀਆਂ ਦੀ ਰਹਿੰਦ-ਖੂੰਹਦ ਅਤੇ ਕੂੜੇ-ਕਰਕਟ ਨੂੰ ਡਿਸਪੋਜ ਆਫ ਕਰਨ ਸਬੰਧੀ ਮਿਤੀ 19-10-2023 ਨੂੰ ਮਾਨਯੋਗ ਸਕੱਤਰ ਬੋਰਡ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ। ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਅਧਿਕਾਰੀਆਂ ਵੱਲੋਂ ਭਾਗ ਲਿਆ ਗਿਆ:-

**<u>ਹਾਜਰੀ:-</u>**

1. ਸ੍ਰੀ ਰਾਹੁਲ ਗੁਪਤਾ, ਆਈ.ਏ.ਐਸ ਨਗਰ ਵਧੀਕ ਸਕੱਤਰ, ਪੰਜਾਬ ਮੰਡੀ ਬੋਰਡ, ਐਸ.ਏ.ਐਸ.ਨਗਰ, ਮੋਹਾਲੀ।
2. ਸ੍ਰੀ ਅੰਕੁਰ ਮਹਿੰਦਰੂ, ਪੀ.ਸੀ.ਐਸ., ਜੁਆਇੰਟ ਕਮਿਸਨਰ, ਨਗਰ ਨਿਗਮ, ਲੁਧਿਆਣਾ।
3. ਸ੍ਰੀ ਮਨਜੀਤ ਸਿੰਘ, ਜਨਰਲ ਮੈਨੇਜਰ (ਅਸਟੇਟ), ਪੰਜਾਬ ਮੰਡੀ ਬੋਰਡ, ਐਸ.ਏ.ਐਸ.ਨਗਰ, ਮੋਹਾਲੀ।
4. ਸ੍ਰੀ ਸਵਰਨ ਸਿੰਘ, ਡਿਪਟੀ ਜਨਰਲ ਮੈਨੇਜਰ(ਪ੍ਰੋਜੈਕਟ), ਪੰਜਾਬ ਮੰਡੀ ਬੋਰਡ, ਮੋਹਾਲੀ।
5. ਇੰਜੀ: ਮੋਹਿਤ ਬੱਤਰਾ, ਨਿਗਰਾਨ ਇੰਜੀਨੀਅਰ (ਹੈੱਡ ਕੁਆਟਰ) ਨੁਮਾਇੰਦਾ ਮੁੱਖ ਇੰਜੀਨੀਅਰ (ਉੱਤਰ), ਪੰਜਾਬ ਮੰਡੀ ਬੋਰਡ, ਐਸ.ਏ.ਐਸ.ਨਗਰ, ਮੋਹਾਲੀ।
6. ਸ੍ਰੀਮਤੀ ਜਸਪ੍ਰੀਤ ਕੌਰ, ਜੁਆਇੰਟ ਕੰਟਰੋਲਰ (ਵਿੱਤ ਤੇ ਲੇਖਾ), ਪੰਜਾਬ ਮੰਡੀ ਬੋਰਡ, ਐਸ.ਏ.ਐਸ.ਨਗਰ, ਮੋਹਾਲੀ।
7. ਸ੍ਰੀ ਬੀਰਇੰਦਰ ਸਿੰਘ ਸਿੱਧੂ, ਜਿਲਾ ਮੰਡੀ ਅਫਸਰ, ਪੰਜਾਬ ਮੰਡੀ ਬੋਰਡ, ਲੁਧਿਆਣਾ।
8. ਸ੍ਰੀ ਰੁਪਿੰਦਰ ਕੁਮਾਰ, ਕਾਰਜਕਾਰੀ ਇੰਜੀਨੀਅਰ (ਸਾਊਥ), ਪੰਜਾਬ ਮੰਡੀ ਬੋਰਡ, ਐਸ.ਏ.ਐਸ.ਨਗਰ, ਮੋਹਾਲੀ
9. ਸ੍ਰੀ ਹਰਿੰਦਰ ਸਿੰਘ ਗਿੱਲ, ਸਕੱਤਰ, ਮਾਰਕਿਟ ਕਮੇਟੀ, ਲੁਧਿਆਣਾ।
10. ਸ੍ਰੀ ਹਰਪ੍ਰੀਤ ਸਿੰਘ, ਜੇ.ਡੀ.ਐਮ, ਨੁਮਾਇੰਦਾ ਸੀਨੀਅਰ ਨਗਰ ਯੋਜਨਾਕਾਰ, ਪੰਜਾਬ ਮੰਡੀ ਬੋਰਡ, ਐਸ.ਏ.ਐਸ.ਨਗਰ, ਮੋਹਾਲੀ।

**ਕਾਰਵਾਈ:-**

ਸਕੱਤਰ ਬੋਰਡ ਜੀ ਵੱਲੋਂ ਮਿਤੀ 10.05.2023 ਨੂੰ ਹੋਈ ਡਿਸਕਸਨ ਦੌਰਾਨ ਦਿੱਤੇ ਆਦੇਸਾਂ
ਅਨੁਸਾਰ ਜਿਲਾ ਮੰਡੀ ਅਫਸਰ ਲੁਧਿਆਣਾ ਵੱਲੋਂ ਆਪਣੇ ਪੱਤਰ ਨੰ: 419748 ਮਿਤੀ 25-9-2023 ਰਾਹੀਂ ਰਿਪੋਰਟ
ਕੀਤੀ ਗਈ ਕਿ ਨਗਰ ਨਿਗਮ ਲੁਧਿਆਣਾ ਵੱਲੋਂ ਆਪਣੇ ਪੱਤਰ ਨੰ: 289 ਮਿਤੀ 22-9-2023 ਰਾਹੀਂ ਮੰਗ ਕੀਤੀ
ਗਈ ਹੈ ਕਿ ਜੇਕਰ ਸਬਜੀ ਮੰਡੀ ਕਾਰਾਬਾਰਾ ਚੌਂਕ ਲੁਧਿਆਣਾ ਵਿਖੇ 1500 ਵਰਗ ਗਜ ਜਗਾਂ ਅਤੇ ਦਾਣਾ ਮੰਡੀ ਗਿੱਲ
ਰੋਡ ਲੁਧਿਆਣਾ ਵਿਖੇ 1500 ਵਰਗ ਗਜ ਜਗਾਂ ਨਗਰ ਨਿਗਮ, ਲੁਧਿਆਣਾ ਨੂੰ ਕੰਪੈਕਟਰ ਲਗਾਉਣ ਲਈ ਦਿੱਤੀ
ਜਾਂਦੀ ਹੈ ਤਾਂ ਨਿਗਮ ਨਗਰ ਵੱਲੋਂ ਮਾਰਕਿਟ ਕਮੇਟੀ ਅਤੇ ਸਬਜੀ ਮੰਡੀ ਦੇ ਕੂੜੇ ਨੂੰ Free of cost ਡਿਸਪੋਜ ਆਫ ਹੇਠ
ਲਿਖੀਆ ਸ਼ਰਤਾ ਤੇ ਕੀਤਾ ਜਾਵੇਗਾ:-

1. ਮਾਰਕਿਟ ਕਮੇਟੀ/ਸਬਜੀ ਮੰਡੀ ਵਿੱਚੋਂ ਨਿਕਲਣ ਵਾਲੇ ਕੂੜੇ ਨੂੰ ਸੈਗਰੀਗੇਟਡ ਫਾਰਮ (ਗਿੱਲ ਅਤੇ ਸੁੱਕੇ ਕੂੜੇ ਨੂੰ) ਜਿਸ ਵਿੱਚ ਗਿੱਲੇ ਕੂੜੇ ਦੀ ਮਾਤਰਾ ਲਗਭਗ 20 ਮੈਟ੍ਰਿਕ ਟਨ ਹੋਵੇਗੀ ਨੂੰ ਵੱਖ-ਵੱਖਰੇ ਤੌਰ ਤੇ ਆਪਣੀ ਟਰਾਂਸਪੋਰਟੇਸਨ ਰਾਹੀਂ ਨਗਰ ਨਿਗਮ ਲੁਧਿਆਣਾ ਦੁਆਰਾ ਸਥਾਪਿਤ ਪੋਰਟੇਬਲ ਕੰਪੈਕਟਰ ਤੇ ਪਹੁੰਚਾਇਆ ਜਾਵੇਗਾ।
2. ਨਗਰ ਨਿਗਮ ਲੁਧਿਆਣਾ ਅਤੇ ਮੰਡੀ ਬੋਰਡ ਦੁਆਰਾ ਪਹਿਲਾਂ ਤੋਂ ਚੱਲ ਰਹੇ ਆਪਸੀ ਪੱਤਰ-ਵਿਹਾਰ ਅਤੇ ਸਾਂਝੀ ਵਿਜਟ ਅਨੁਸਾਰ ਮੰਡੀ ਬੋਰਡ ਵੱਲੋਂ ਨਗਰ ਨਿਗਮ ਲੁਧਿਆਣਾ ਨੂੰ ਸਬਜੀ ਮੰਡੀ ਬਹਾਦਰ ਕੇ ਰੋਡ ਵਿਖੇ 1500 ਵਰਗ ਗਜ ਜਗਾਂ ਤੋਂ ਇਲਾਵਾ ਦਾਣਾ ਮੰਡੀ ਬੈਕਸਾਈਡ ਅਰੋੜਾ ਪੈਲੇਸ ਵਿਖੇ 1500 ਵਰਗ ਗਜ ਜਗਾਂ ਪੋਰਟੇਬਲ ਕੰਪੈਕਟਰ ਲਗਾਉਣ ਲਈ ਦਿੱਤੀ ਜਾਣ ਦੀ ਤਜਵੀਜ ਹੈ ਅਤੇ ਇਨਾਂ ਦੋਨੋ ਸਾਈਟਾਂ ਲਈ ਨਾ-ਇਤਰਾਜ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।

**ਦਾਣਾ ਮੰਡੀ, ਗਿੱਲ ਰੋਡ ਲੁਧਿਆਣਾ ਬਾਰੇ:-**

ਜਿਲ੍ਹਾ ਮੰਡੀ ਅਫਸਰ, ਲੁਧਿਆਣਾ ਵੱਲੋਂ ਇਹ ਵੀ ਦੱਸਿਆ ਗਿਆ ਕਿ ਨਗਰ ਨਿਗਮ ਲੁਧਿਆਣਾ ਵੱਲੋਂ ਜੋ ਦਾਨਾ ਮੰਡੀ ਗਿੱਲ ਰੋਡ ਵਿਖੇ ਕੰਪੈਕਟਰ ਲਗਾਉਣ ਲਈ ਜਿਸ ਜਗ੍ਹਾ ਦੀ ਮੰਗ ਕੀਤੀ ਗਈ ਹੈ, ਉਸ ਜਗ੍ਹਾ ਤੇ ਮੰਡੀ ਦੇ ਪਿਛਲੇ ਪਾਸੇਂ ਧੂਰੀ ਰੇਲਵੇ ਲਾਈਨ ਦੇ ਨਾਲ-ਨਾਲ ਨਜਾਇਜ ਝੁੱਗੀਆ, ਝੋਪੜੀਆਂ ਅਤੇ ਮਕਾਨ ਬਣੇ ਹੋਏ ਹਨ ਜਿਸ ਸਬੰਧੀ ਮਾਰਕਿਟ ਕਮੇਟੀ ਲੁਧਿਆਣਾ ਵੱਲੋਂ ਪੀ.ਪੀ. ਐਕਟ ਤਹਿਤ ਕੋਰਟ ਕੇਸ ਕੀਤਾ ਹੋਇਆ ਹੈ ਜੋ ਕਿ ਉਪ ਮੰਡਲ ਮਜਿਸਟ੍ਰੇਟ ਲੁਧਿਆਣਾ ਪੂਰਬੀ ਦੀ ਅਦਾਲਤ ਵਿੱਚ ਵਿਚਾਰ ਅਧੀਨ ਹਨ।

ਜਨਰਲ ਮੈਨੇਜਰ (ਅਸਟੇਟ) ਵੱਲੋਂ ਦੱਸਿਆ ਗਿਆ ਕਿ ਦਾਣਾ ਮੰਡੀ ਗਿੱਲ ਰੋਡ ਵਿਖੇ ਜੋ ਜਗਾ ਦੀ ਨਗਰ ਨਿਗਮ ਲੁਧਿਆਣਾ ਵੱਲੋਂ ਮੰਗ ਕੀਤੀ ਗਈ ਹੈ, ਉਸ ਦਾ ਕੁਲੈਕਟਰ ਰੇਟ 18,900/-ਰੁਪਏ ਪ੍ਰਤੀ ਵਰਗ ਗਜ ਦੇ ਹਿਸਾਬ ਨਾਲ 1500 ਵਰਗ ਗਜ ਜਗਾ ਦੀ ਕੀਮਤ 2.835 ਕਰੋੜ ਰੁਪਏ ਬਣਦੀ ਹੈ। PWD (B&R) ਦੇ ਨਾਰਮਜ ਮੁਤਾਬਿਕ 6% ਦੇ ਹਿਸਾਬ ਨਾਲ ਸਲਾਨਾ ਲੀਜ ਰਕਮ 17.01 ਲੱਖ ਰੁਪਏ ਅਤੇ ਪ੍ਰਤੀ ਮਹੀਨਾ 1,41,750/- ਰੁਪਏ ਬਣਦੀ ਹੈ।

**ਫਲ ਅਤੇ ਸਬਜੀ ਮੰਡੀ, ਕਾਰਾਬਾਰਾ ਚੌਂਕ, ਲੁਧਿਆਣਾ ਬਾਰੇ:-**

ਸਬਜੀ ਮੰਡੀ ਕਾਰਾਬਾਰਾ ਚੌਕ ਲੁਧਿਆਣਾ ਵਿਖੇ ਨਗਰ ਨਿਗਮ ਵੱਲੋਂ ਮੰਗੀ ਗਈ ਜਗ੍ਹਾਂ ਬਾਰੇ ਜਿਲ੍ਹਾ ਮੰਡੀ ਅਫਸਰ ਲੁਧਿਆਣਾ ਵੱਲੋਂ ਦੱਸਿਆ ਗਿਆ ਕਿ ਇਸ ਜਗ੍ਹਾ ਦੀ ਐਂਟਰੀ ਸਬਜੀ ਮੰਡੀ ਦੇ ਗੇਟ ਨੰ:3 ਰਾਹੀਂ ਹੈ ਜੋ ਕਿ ਮੌਜੂਦਾ ਤੌਰ ਤੇ ਕਿਸੇ ਹੋਰ ਮੰਤਵ ਲਈ ਨਹੀਂ ਵਰਤਿਆ ਜਾ ਰਿਹਾ ਹੈ। ਨਕਸ਼ੇ ਵਿੱਚ ਇਹ ਜਗ੍ਹਾਂ ਬਾਇਓਵੇਸਟ ਯੂਨਿਟ ਲਗਾਉਣ ਲਈ ਰਾਖਵੀਂ ਰੱਖੀ ਗਈ ਹੈ। ਇਸ ਕਾਰਨ ਜੇਕਰ ਇਹ ਜਗ੍ਹਾ ਨਗਰ ਨਿਗਮ ਲੁਧਿਆਣਾ ਨੂੰ ਕੰਪੈਕਟਰ ਲਗਾਉਣ ਲਈ ਦਿੱਤੀ ਜਾਂਦੀ ਹੈ ਤਾਂ ਸਬਜੀ ਮੰਡੀ ਦੀ ਆਵਾਜਾਈ ਵਿੱਚ ਕੋਈ ਵਿਘਨ ਨਹੀਂ ਪਵੇਗਾ। ਜਿਲਾ ਮੰਡੀ ਅਫਸਰ ਵੱਲੋਂ ਇਹ ਵੀ ਦੱਸਿਆ ਗਿਆ ਕਿ ਵਿੱਤੀ ਸਾਲ 2023-24 ਲਈ ਸਬਜੀ ਮੰਡੀ ਦੀ ਸਫਾਈ ਦੇ ਠੇਕੇ ਦੀ ਰਿਜਰਵ ਕੀਮਤ 98,44,789/- ਰੁਪਏ ਨਿਰਧਾਰਤ ਕੀਤੀ ਗਈ ਹੈ ਜਿਸ ਵਿੱਚੋਂ 7.5 ਟਨ ਕੂੜੇ ਨੂੰ ਪ੍ਰਤੀ ਦਿਨ ਡਿਸਪੋਜ ਆਫ ਕਰਨ ਦਾ ਸਲਾਨਾ ਖਰਚਾ 40,78,875/- ਰੁਪਏ ਹੈ ਜੋ ਕਿ ਪ੍ਰਤੀ ਮਹੀਨਾ 3,39,906/- ਰੁਪਏ ਬਣਦਾ ਹੈ ਅਤੇ ਬਕਾਇਆ 57,65,914/- ਰੁਪਏ ਫਲ-ਸਬਜੀ ਮੰਡੀ ਵਿੱਚੋਂ ਨਿਕਲਣ ਵਾਲੇ ਕੂੜੇ ਨੂੰ ਚੁੱਕਣ ਦਾ ਖਰਚਾ ਹੈ ਜੋ ਕਿ ਪ੍ਰਤੀ ਮਹੀਨਾ ਰੁਪਏ 4,80,492/- ਬਣਦਾ ਹੈ। ਕੂੜੇ ਦੀ ਮਾਤਰਾ ਸ਼ੀਜਨ ਅਨੁਸਾਰ ਘੱਟਦੀ-ਵੱਧਦੀ ਰਹਿੰਦੀ ਹੈ। ਸਬਜੀ ਮੰਡੀ ਵਿੱਚੋਂ ਰੋਜਾਨਾ 100 ਕਿਲੋ ਤੋਂ ਵੱਧ ਕੂੜਾ ਨਿਕਲਣ ਕਾਰਨ Solid Waste Management Rules 2016 ਅਨੁਸਾਰ ਸਬਜੀ ਮੰਡੀ Bulk Waste Generator ਦੀ ਸ੍ਰੇਣੀ ਵਿੱਚ ਆਉਂਦੀ ਹੈ।ਇਸ ਸ੍ਰੇਣੀ ਤਹਿਤ ਆਉਂਦੀਆ ਸੰਸਥਾਵਾ ਨੂੰ ਉਹਨਾਂ ਦੇ ਬਾਇਓ ਡੀਗ੍ਰੇਡੇਬਲ ਵੇਸਟ ਨੂੰ ਆਪਣੇ ਏਰੀਏ ਦੇ ਅੰਦਰ ਹੀ ਪ੍ਰੋਸੈਸ ਕਰਕੇ ਬਾਇਓ ਕੰਪੋਸਟ ਜਾਂ ਬਾਇਉ ਮਿਥਨਾਇਜੇਸਨ ਦੀ ਵਿਧੀ ਰਾਹੀਂ ਡਿਸਪੋਜ ਆਫ ਕਰਨ ਦੀ ਜਿੰਮੇਵਾਰੀ ਹੁੰਦੀ ਹੈ। ਇਹਨਾਂ ਰੂਲਾਂ ਦੀ ਉਲੰਘਣਾ ਕੀਤੇ ਜਾਣ ਕਾਰਨ ਮਾਰਕਿਟ ਕਮੇਟੀ ਲੁਧਿਆਣਾ ਨੂੰ ਨਗਰ ਨਿਗਮ ਵੱਲੋਂ ਪਹਿਲਾਂ ਹੀ 52,95,000/- ਰੁਪਏ ਦਾ ਜੁਰਮਾਨਾ ਲਗਾਇਆ ਜਾ ਚੁੱਕਾ ਹੈ।

ਜਨਰਲ ਮੈਨੇਜਰ (ਅਸਟੇਟ) ਵੱਲੋਂ ਦੱਸਿਆ ਗਿਆ ਕਿ ਫਲ ਅਤੇ ਸਬਜੀ ਮੰਡੀ, ਕਾਰਾਬਾਰਾ ਚੌਂਕ, ਲੁਧਿਆਣਾ ਵਿਖੇ ਜੋ ਜਗਾ ਦੀ ਨਗਰ ਨਿਗਮ, ਲੁਧਿਆਣਾ ਵੱਲੋਂ ਮੰਗ ਕੀਤੀ ਗਈ ਹੈ, ਉਸ ਦਾ ਕੁਲੈਕਟਰ ਰੇਟ 27,000/-ਰਪਏ ਪ੍ਰਤੀ ਵਰਗ-ਗਜ ਦੇ ਹਿਸਾਬ ਨਾਲ 1500 ਵਰਗ ਗਜ ਜਗਾ ਦੀ ਕੀਮਤ 4.05 ਕਰੋੜ ਰੁਪਏ ਬਣਦੀ ਹੈ। PWD (B&R) ਦੇ ਨਾਰਮਜ ਮੁਤਾਬਿਕ 6% ਦੇ ਹਿਸਾਬ ਨਾਲ ਸਲਾਨਾ ਲੀਜ ਰਕਮ 24.30 ਲੱਖ ਰੁਪਏ ਅਤੇ ਪ੍ਰਤੀ ਮਹੀਨਾ 2,02,500/- ਰੁਪਏ ਬਣਦੀ ਹੈ।

ਨਿਗਰਾਨ ਇੰਜੀਨੀਅਰ (ਹੈੱਡ ਕੁਆਟਰ), ਪੰਜਾਬ ਮੰਡੀ ਬੋਰਡ ਵੱਲੋਂ ਖਦਸਾ ਜਤਾਇਆ ਗਿਆ ਕਿ ਇਸ ਪ੍ਰੋਜੈਕਟ ਕਾਰਨ ਕੂੜੇ ਵਿੱਚੋਂ ਨਿੱਕਲਣ ਵਾਲੀਆਂ ਗੈਸਾਂ/ਕਿਸੇ ਤਰ੍ਹਾਂ ਦੇ ਕੈਮੀਕਲ ਅਤੇ ਬਦਬੂ ਨਾਲ ਉਸ ਇਲਾਕੇ ਦੇ ਨਿਵਾਸੀਆ ਵੱਲੋਂ ਵਿਰੋਧ ਹੋ ਸਕਦਾ ਹੈ। ਇਸ ਤੇ ਜੁਆਇੰਟ ਕਮਿਸਨਰ ਲੁਧਿਆਣਾ ਵੱਲੋਂ ਸਰਾਭਾ ਨਗਰ, ਲੁਧਿਆਣਾ

ਵਿਖੇ ਪਹਿਲਾ ਤੋਂ ਲੱਗੇ ਅਜਿਹੇ ਇੱਕ ਪ੍ਰੋਜੈਕਟ ਦੀ ਵੀਡਿਓ ਵਿਖਾਈ ਗਈ ਅਤੇ ਦੱਸਿਆ ਗਿਆ ਕਿ ਇਹ ਪ੍ਰੋਜੈਕਟ ਸਰਾਭਾ ਨਗਰ ਜੋ ਕਿ ਲੁਧਿਆਣਾ ਦੇ ਇੱਕ ਬਹੁਤ ਹੀ Posh ਏਰੀਏ ਵਿੱਚ ਹੈ, ਪਿਛਲੇ ਦੋ ਸਾਲਾਂ ਤੋਂ ਸਫਲਤਾਪੂਰਵਕ ਚੱਲ ਰਿਹਾ ਹੈ ਅਤੇ ਇਲਾਕਾ ਨਿਵਾਸੀਆ ਨੂੰ ਇਸ ਸਬੰਧੀ ਕੋਈ ਪਰੇਸ਼ਾਨੀ ਜਾਂ ਸਿਕਾਇਤ ਨਹੀਂ ਹੈ । ਕਿਉਂ ਜੋ ਪੋਰਟਏਬਲ ਕੰਪੇਕਟਰ ਰਾਹੀ ਕੂੜੇ ਨੂੰ ਸਿਰਫ ਕੰਪੈਕਟ ਕੀਤਾ ਜਾਂਦਾ ਹੈ, ਇਸ ਨਾਲ ਜੋ ਲਿਕੁਇਡ ਵੇਸਟ ਨਿਕੱਲਦਾ ਹੈ ਜਿਸ ਨੂੰ ਸੀਵਰੇਜ ਲਾਈਨ ਵਿੱਚ ਸਿੱਧੇ ਤੌਰ ਤੇ ਪਾ ਦਿੱਤਾ ਜਾਂਦਾ ਹੈ। ਇਸ ਨਾਲ ਕੋਈ Pollution ਨਹੀਂ ਹੁੰਦੀ ਹੈ।

ਵਿਚਾਰ ਵਟਾਂਦਰੇ ਉਪਰੰਤ ਮੀਟਿੰਗ ਵਿੱਚ ਹਾਜਰ ਸਮੂੰਹ ਅਧਿਕਾਰੀਆਂ ਵੱਲੋਂ ਇਸ ਸਬੰਧੀ ਸਹਿਮਤੀ ਪ੍ਰਗਟਾਈ ਗਈ ਕਿ ਕਿਉਂ ਜੋ ਇਹ ਪ੍ਰੋਜੈਕਟ ਲਗਾਉਣ ਨਾਲ ਮਾਰਕਿਟ ਕਮੇਟੀ ਲੁਧਿਆਣਾ ਵੱਲੋਂ ਮੰਡੀਆ ਵਿੱਚੋਂ ਕੂੜੇ ਨੂੰ ਇੱਕਠਾ ਕਰਨ ਉਪਰੰਤ ਜੋ ਖਰਚਾ 40,78,875/- ਰੁਪਏ ਉਸ ਨੂੰ Dispose off ਕਰਨ ਤੇ ਕੀਤਾ ਜਾਂਦਾ ਹੈ, ਉਹ ਕੂੜਾ Solid Waste Management Rules 2016 ਅਨੁਸਾਰ ਨਹੀਂ ਕੀਤਾ ਜਾਂਦਾ ਹੈ। ਨਗਰ ਨਿਗਮ ਲੁਧਿਆਣਾ ਵੱਲੋਂ ਦੋਵੇ ਮੰਡੀਆ ਵਿੱਚੋ ਕੂੜਾ Dispose off ਕਰਨ ਤੇ Solid Waste Management Rules 2016 ਦੀ ਪਾਲਣਾ ਵੀ ਹੋ ਜਾਵੇਗੀ ਅਤੇ N.G.T ਵੱਲੋਂ ਕੋਈ ਜੁਰਮਾਨਾਂ ਲੱਗਣ ਦਾ ਖਦਸ਼ਾ ਵੀ ਨਹੀ ਰਹੇਗਾ। ਦੋਵੇਂ ਮੰਡੀਆਂ ਵਿਖੇ 1500 ਵਰਗ-ਗਜ ਜਗ੍ਹਾਂ ਪ੍ਰਤੀ ਮੰਡੀ ਨਗਰ ਨਿਗਮ, ਲੁਧਿਆਣਾ ਨੂੰ PWD (B&R) ਦੇ ਨਾਰਮਜ ਮੁਤਾਬਿਕ ਲੀਜ ਤੇ ਦੇਣ ਦੀ ਲੀਜ ਰਕਮ 41,31,000/-ਰੁਪਏ ਸਲਾਨਾ ਬਣਦੀ ਹੈ ਪ੍ਰੰਤੂ ਕਿਉਂ ਜੋ ਨਗਰ ਨਿਗਮ ਵੱਲੋਂ ਮਾਰਕਿਟ ਕਮੇਟੀ ਲੁਧਿਆਣਾ ਦੀਆਂ ਦੋਵੇ ਮੰਡੀਆਂ ਦਾ ਕੂੜਾ Dispose off ਕੀਤਾ ਜਾਵੇਗਾ। ਸੋ ਇਸ ਤਰਾਂ ਕੂੜੇ ਨੂੰ Dispose off ਕਰਨ ਤੇ ਹੋਣ ਵਾਲੇ 40,78,875/- ਰੁਪਏ ਖਰਚੇ ਨੂੰ ਲੀਜ ਦੀ ਰਕਮ ਵਿੱਚੋਂ ਘਟਾਉਣ ਉਪਰੰਤ ਬੱਚਦੀ ਰਕਮ 52125/- ਰੁਪਏ ਸਲਾਨਾ ਲੀਜ ਤੇ ਉਕਤ ਦੋਵੇ ਸਾਈਟਾਂ। ( ਫਲ ਅਤੇ ਸਬਜੀ ਮੰਡੀ ਕਾਰਾਬਾਰਾ ਚੌਂਕ ਲੁਧਿਆਣਾ ਅਤੇ ਦਾਣਾ ਮੰਡੀ ਗਿੱਲ ਰੋਡ ਲੁਧਿਆਣਾ ਵਿਖੇ) ਨਗਰ ਨਿਗਮ, ਲੁਧਿਆਣਾ ਨੂੰ ਹੇਠ ਲਿਖਿਆ ਸ਼ਰਤਾਂ ਤੇ ਦੇਈਆ ਯੋਗ ਹੋਣਗੀਆਂ :-

1. ਸੀਨੀਅਰ ਨਗਰ ਯੋਜਨਾਕਾਰ ਪੰਜਾਬ ਮੰਡੀ ਬੋਰਡ ਵੱਲੋਂ ਉਕਤ ਫੈਸਲੇ ਅਨੁਸਾਰ ਨਕਸੇ ਵਿੱਚ ਰੀ-ਪਲਾਨਿੰਗ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

2. ਇਸ ਸਬੰਧ ਵਿੱਚ ਸੀਵਰੇਜ ਬੋਰਡ ਅਤੇ Pollution ਬੋਰਡ ਵੱਲੋਂ ਨਾ ਇੰਤਰਾਜ ਸਰਟੀਫਿਕੇਟ ਨਗਰ ਨਿਗਮ, ਲੁਧਿਆਣਾ ਵੱਲੋਂ ਮਾਰਕਿਟ ਕਮੇਟੀ ਲੁਧਿਆਣਾ ਨੂੰ ਪ੍ਰੋਜੈਕਟ ਲਗਾਉਣ ਤੋਂ ਪਹਿਲਾਂ ਸੌਪਿਆ ਜਾਵੇਗਾ।

3. ਨਗਰ ਨਿਗਮ ਲੁਧਿਆਣਾ ਵੱਲੋਂ ਪ੍ਰਾਪਤ ਕੀਤੀ 1500 ਵਰਗ ਗਜ ਜਗ੍ਹਾ ਦੀ ਬਾਊਂਡਰੀ ਵਾਲ ਕਰਕੇ ਇਸ ਜਗ੍ਹਾ ਦੇ ਅੰਦਰ ਹੀ ਕੂੜਾ ਕਰਕਟ ਕੰਪੈਕਟ ਕੀਤਾ ਜਾਵੇਗਾ। ਇਸ ਜਗ੍ਹਾ ਦੇ ਬਾਹਰ ਕੋਈ ਗੰਦ ਨਹੀਂ ਪੈਣ ਦਿੱਤਾ ਜਾਵੇਗਾ।

4. ਮਾਰਕਿਟ ਕਮੇਟੀ ਲੁਧਿਆਣਾ/ਮੰਡੀ ਬੋਰਡ ਆਪਣੀ ਲੋੜ ਅਨੁਸਾਰ ਬਿਨਾਂ ਕਿਸੇ ਕਾਰਨ ਦੱਸੇ ਇਹਨਾ ਦੋਵੇਂ ਥਾਵਾ ਨੂੰ ਦੋ ਮਹੀਨੇ ਦਾ ਨੋਟਿਸ ਦੇ ਕੇ ਨਗਰ ਨਿਗਮ, ਲੁਧਿਆਣਾ ਪਾਸੋਂ ਖਾਲੀ ਕਰਵਾਇਆ ਜਾ ਸਕਦਾ ਹੈ।

5. ਦਾਣਾ ਮੰਡੀ ਗਿੱਲ ਰੋਡ ਵਿਖੇ ਨਿਰਧਾਰਤ ਕੀਤੀ ਇਸ ਜਗ੍ਹਾਂ ਤੇ ਜੋ ਨਜਾਇਜ ਝੁੱਗੀਆ, ਝੌਪੜੀਆ ਅਤੇ ਮਕਾਨ ਹਨ ਇਹ ਨਜਾਇਜ ਕਬਜੇ ਨਗਰ ਨਿਗਮ ਲੁਧਿਆਣਾ ਵੱਲੋਂ ਆਪਣੇ ਪੱਧਰ ਤੇ ਕਬਜਾਧਾਰੀਆਂ ਨਾਲ ਗੱਲਬਾਤ ਕਰਕੇ ਨਿਪਟਾਏ ਜਾਣਗੇ।

6. ਇਹ ਜਗ੍ਹਾਂ 10 ਸਾਲਾ ਦੀ ਲੀਜ ਤੇ ਦਿੱਤੀ ਜਾਵੇਗੀ ਅਤੇ ਦੋਵੇਂ ਧਿਰਾਂ ਦੀ ਸਹਿਮਤੀ ਨਾਲ ਅੱਗੇ 10 ਸਾਲਾ ਦਾ ਵਾਧਾ ਕੀਤਾ ਜਾ ਸਕੇਗਾ।

7. Solid Waste Management Rules 2016, ਮਾਨਯੋਗ ਨੈਸਨਲ ਗਰੀਨ ਟ੍ਰਿਬਿਊਨਲ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨਾ ਨਗਰ ਨਿਗਮ ਲੁਧਿਆਣਾ ਦੀ ਜਿੰਮੇਵਾਰੀ ਹੋਵੇਗੀ।

15/10/2021

8. ਲੀਜ ਰਕਮ ਵਿੱਚ ਪ੍ਰਤੀ ਸਾਲ 10% ਦਾ ਵਾਧਾ ਕੀਤਾ ਜਾਵੇਗਾ।

9. ਮਾਰਕਿਟ ਕਮੇਟੀ ਲੁਧਿਆਣਾ ਨੂੰ ਨਗਰ ਨਿਗਮ ਵੱਲੋਂ ਪਹਿਲਾਂ ਜੋ 52,95,000/- ਰੁਪਏ ਦਾ ਜੁਰਮਾਨਾ ਲਗਾਇਆ ਗਿਆ ਹੈ, ਉਹ ਨਗਰ ਨਿਗਮ, ਲੁਧਿਆਣਾ ਵੱਲੋਂ ਮੁਆਫ ਕੀਤਾ ਜਾਵੇਗਾ।

ਵਧੀਕ ਸਕੱਤਰ,
ਪੰਜਾਬ ਮੰਡੀ ਬੋਰਡ,
ਮੋਹਾਲੀ

ਸੰਯੁਕਤ ਕਮਿਸ਼ਨਰ,
ਨਗਰ ਨਿਗਮ ਲੁਧਿਆਣਾ

ਜਨਰਲ ਮੈਨੇਜਰ(ਅਸਟੇਟ)
ਪੰਜਾਬ ਮੰਡੀ ਬੋਰਡ ਮੋਹਾਲੀ

ਡਿਪਟੀ ਜਨਰਲ ਮੈਨੇਜਰ(ਪ੍ਰ:)
ਪੰਜਾਬ ਮੰਡੀ ਬੋਰਡ, ਮੋਹਾਲੀ

ਜਿਲਾ ਮੰਡੀ ਅੱਫਸਰ,
ਲੁਧਿਆਣਾ

ਸਕੱਤਰ, ਮਾਰਕਿਟ ਕਮੇਟੀ,
ਲੁਧਿਆਣਾ

19.10.2023

ਨਿਗਰਾਨ ਇੰਜੀਨੀਅਰ
ਪੰਜਾਬ ਮੰਡੀ ਬੋਰਡ

ਕਾਰਜਕਾਰੀ ਇੰਜੀਨੀਅਰ(ਸ)
ਪੰਜਾਬ ਮੰਡੀ ਬੋਰਡ, ਮੋਹਾਲੀ।

ਜੁਆਇੰਟ ਕੰਟਰੋਲਰ
(ਵਿੱਤ ਤੇ ਲੇਖਾ)
ਪੰਜਾਬ ਮੰਡੀ ਬੋਰਡ,
ਮੋਹਾਲੀ

ਸੀਨੀਅਰ ਨਗਰ ਯੋਜਨਾਕਾਰ,
ਪੰਜਾਬ ਮੰਡੀ ਬੋਰਡ, ਮੋਹਾਲੀ

**Annexure R3**

**Subject**: - Proceedings Report of the meeting dated 19-10-2023 regarding giving space to Municipal Corporation Ludhiana to install compactors for disposing of waste and garbage of fruits and vegetables at Dana Mandi Gill Road and Fruit and Vegetable Mandi Karabara Chowk Ludhiana: -

A meeting was held under the chairmanship of Hon'ble Secretary Board on 19-10-2023 regarding disposal of waste and garbage of fruits and vegetables at Dana Mandi Gill Road and Fruit and Vegetable Mandi Karabara Chowk Ludhiana. The following officials participated in the meeting: -

Attendance: -

1. Mr. Rahul Gupta, IAS Nagar Additional Secretary, Punjab Mandi Board, SAS Nagar, Mohali.

2. Mr. Ankur Mahindru, PCS, Joint Commissioner, Municipal Corporation, Ludhiana.

3. Mr. Manjit Singh, General Manager (Estate), Punjab Mandi Board, SAS Nagar, Mohali.

4. Mr. Swaran Singh, Deputy General Manager (Projects), Punjab Mandi Board, Mohali.

5. Eng: Mohit Batra, Superintending Engineer (Head Quarters) Representative Chief Engineer (North), Punjab Mandi Board, SAS. Nagar, Mohali.

6. Ms. Jaspreet Kaur, Joint Controller (Finance & Accounts), Punjab Mandi Board, SAS Nagar, Mohali.

7. Mr. Birinder Singh Sidhu, District Mandi Officer, Punjab Mandi Board, Ludhiana.

8. Mr. Rupinder Kumar, Executive Engineer (South), Punjab Mandi Board, SAS Nagar, Mohali

9. Mr. Harinder Singh Gill, Secretary, Market Committee, Ludhiana.

10. Mr. Harpreet Singh, J.D.M. Representative Senior Town Planner, Punjab Mandi Board, SAS Nagar, Mohali.

Action: -

According to the order given by the Secretary Board during the discussion held on 10.05.2023, District Mandi Officer Ludhiana through his letter No: 419748 dated 25-9-2023 reported that Municipal Corporation Ludhiana in his letter No: 289 dated 22-9-2023 Through this letter, it has been demanded that if 1500 sq. yards of land is given to the Municipal Corporation, Ludhiana for installation of compactors, then the Municipal Corporation will disposes of the waste of the market committee and vegetable market free of cost.

written terms: -

1. The waste coming out of the Market Committee/Sabji Mandi in segregated form (wet and dry waste) in which the volume of wet waste will be about 20 metric tonnes is separately transported to the portable compactor set up by Municipal Corporation Ludhiana. will go

Existing mutual correspondence between Municipal Corporation Ludhiana and Mandi Board

2. And according to the common vision, there is a recommendation from the Mandi Board to Municipal Corporation Ludhiana to install a portable compactor on 1500 square yards of land at Sabji Bahadur K Road in addition to 1500 square yards of land at Dana Mandi Exide Arora Palace and not for these two sites. - Objection certificate will be issued.

**About Dana Mandi, Gill Road Ludhiana: -**

**The District Mandi Officer, Ludhiana also informed that the place demanded by Ludhiana Municipal Corporation to install the compactor at Dana Mandi Gill Road, illegal slums houses have been built, along with Dhuri railway line from the back side of Mandi and the Market Committee Ludhiana has filed a court case under the P.P Act which is under consideration in the court of Sub Divisional Magistrate Ludhiana East.**

The General Manager (Estate) said that the land demanded by Municipal Corporation Ludhiana at Dana Mandi Gill Road, the collector rate of Rs 18,900/- per square yard, the price of 1500 square yard land is Rs 2,835 crore. is as per PWD (B&R) norm at 6% annual lease amount is Rs.17.01 lakh and Rs.1,41,750/- per month.

About Fruit and Vegetable Mandi, Karabara Chak, Ludhiana: -

District Mandi Officer Ludhiana talked about the place sought by the Municipal Corporation at Sabji Mandi Karabara Chowk Ludhiana that the entry to this place is through Gate No. 3 of Sabji Mandi which is currently not being used for any other purpose. In the map, this space has been reserved for setting up a biowaste unit. Due to this, if this place is given to Municipal Corporation Ludhiana for installation of compactor, then there will be no disruption in the movement of vegetable market. It was also informed by the District Mandi Officer that the reserve price of the vegetable market cleaning contract for the financial year 2023-24 has been set at Rs. 98,44,789/- out of which the annual cost of disposing of 7.5 tons of waste per day is Rs. 40.78. 875/- which works out to Rs.3,39,906/- per month and the balance 57,65,914/- is the cost of removing waste from the fruit and vegetable market, which is Rs. 4,80,492/- per month. The amount of waste varies according to the season. As per Solid Waste Management Rules 2016, the vegetable market comes under the category of Bulk Waste Generator due to more than 100 kg of waste coming out of the vegetable market every day. The organization coming under this category is required to process their biodegradable waste within their area and turn it into bio compost or It is responsible for disposing off through the process of bio Methanization. Due to violation of these rules, a fine of Rs.52,95,000/- has already been imposed on the Market Committee Ludhiana by the Municipal Corporation.

The General Manager (Estate) informed that the land demanded by the Municipal Corporation, Ludhiana at Fruit and Vegetable Market, Karabara Check, Ludhiana, has a collector rate of Rs.27,000/- per square yard for 1500 square yards. The cost of the land is Rs 4.05 crore. As per PWD (B&R) norm at 6% annual lease amount is Rs.24.30 Lakhs and Rs.2,02,500/- per month.

The Superintending Engineer (Headquarters), Punjab Mandi Board expressed apprehension that due to this project, there may be opposition from the residents of that area due to the gases/some kind of chemicals coming out of the waste and smell. Sarabha Nagar Ludhiana by Joint Commissioner Ludhiana

An example of an ongoing project was shown at Sarabha Nagar, a very posh area of Ludhiana, which has been running successfully for the past two years. A video of one such project was shown and it was told that this project Sarabha Nagar which is in a very posh area of Ludhiana has been running successfully for the last two years and the residents of the area have not had any problems or complaints in this regard. is Because the waste is only compacted through the portable compactor, the resulting liquid waste is put directly into the sewer line. It does not cause any pollution.

After discussion, all the officers present in the meeting agreed that because of this project, the expenditure of Rs. Not done as per Solid Waste Management Rules 2016. The Municipal Corporation of Ludhiana will comply with the Solid Waste Management Rules 2016 by disposing of the waste from both Mandi Site and there will be no fear of any fines from the N.G.T. According to the norms of PWD (B&R) for lease of 1500 square yards per market at both markets, the lease amount is Rs. Dispose off will be done. So, after deducting the expenditure of Rs. 40,78,875/- on disposing of the waste from the lease amount, the saving amount is Rs. 52125/- on the annual lease of the said two sites. (Fruit and Vegetable Mandi at Karabara Chowk Ludhiana and Dana Mandi at Gill Road Ludhiana) will be eligible to be given to the Municipal Corporation, Ludhiana on the following terms and conditions:

1. According to the decision of the Senior Town Planner Punjab Mandi Board, action will be taken regarding re-planning in the map.

2. In this regard, Sewerage Board and Pollution Board No Objection Certificate will be obtained from Municipal Corporation, Ludhiana to the Market Committee Ludhiana before project installation.

3. The boundary wall of the 1500 square yard area acquired by Municipal Corporation Ludhiana will be compacted within this area. No dirt will be allowed outside this place.

4. Market Committee Ludhiana/Mandi Board can be vacated by Municipal Corporation, Ludhiana by giving two months' notice without assigning any reason as per its requirement.

5. Illegal shacks, up arias and houses in the designated area at Dana Mandi Gill Road will be disposed of by Municipal Corporation Ludhiana by negotiating with the occupiers at their own level.

6. This place will be given on lease for 10 years and with the consent of the developer, it can be extended for up to 10 years.

7. It shall be the responsibility of Municipal Corporation Ludhiana to comply with the instructions of Section 7 of Solid Waste Management Rules 2016.

8. The lease amount will be increased by 10% per annum.

9. If a penalty of Rs.52,95,000/- has been previously imposed on the Market Committee Ludhiana by the Municipal Corporation, it will be waived by the Municipal Corporation, Ludhiana.

Annexure L4

Ludhiana SMART CITY

## ਲੁਧਿਆਣਾ ਸਮਾਰਟ ਸਿਟੀ ਲਿਮਟਿਡ

ਵੱਲ

ਜਿਲ੍ਹਾ ਮੰਡੀ ਅਫ਼ਸਰ,
ਪੰਜਾਬ ਮੰਡੀ ਬੋਰਡ,
ਲੁਧਿਆਣਾ।

ਨੰ. 593/1/SE(LSCL) ਮਿਤੀ 01-8-2024

**ਵਿਸ਼ਾ: ਦਾਣਾ ਮੰਡੀ, ਗਿੱਲ ਰੋਡ ਵਿਖੇ ਕੰਪੈਕਟਰ ਸ਼ੈੱਡ ਬਣਾਉਣ ਲਈ ਬਦਲਵੀਂ ਸਾਈਟ ਦੇਣ ਸਬੰਧੀ।**

**ਹਵਾਲਾ: ਨਗਰ ਨਿਗਮ ਲੁਧਿਆਣਾ ਨੂੰ ਕੰਪੈਕਟਰ ਲਗਾਉਣ ਲਈ ਜਗ੍ਹਾ ਦੇਣ ਬਾਰੇ ਮੀਟਿੰਗ ਮਿਤੀ 19-10-2023**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਮੰਡੀ ਬੋਰਡ ਅਤੇ ਨਗਰ ਨਿਗਮ ਲੁਧਿਆਣਾ ਵੱਲੋਂ ਮਿਤੀ 19-10-2023 ਨੂੰ ਕੀਤੀ ਗਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਦਾਣਾ ਮੰਡੀ, ਗਿੱਲ ਰੋਡ ਤੇ ਕੰਪੈਕਟਰ ਸ਼ੈੱਡ ਬਣਾਉਣ ਲਈ ਜਿਹੜੀ ਜਗ੍ਹਾ ਨਗਰ ਨਿਗਮ ਲੁਧਿਆਣਾ ਨੂੰ ਦਿੱਤੀ ਜਾਣੀ ਨਿਰਧਾਰਿਤ ਕੀਤੀ ਗਈ ਹੈ, ਉਸ ਜਗ੍ਹਾ ਤੇ ਝੁੱਗੀਆਂ ਝੌਂਪੜੀਆਂ ਅਤੇ ਮਕਾਨ ਬਣੇ ਹੋਏ ਹਨ ਜਿਹਨਾਂ ਤੇ ਬਿਜਲੀ ਦੇ ਮੀਟਰ ਵੀ ਲੱਗੇ ਹੋਏ ਹਨ।

2. ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਮਾਣਯੋਗ ਐਨ.ਜੀ.ਟੀ. ਵੱਲੋਂ ਕੂੜੇ ਨਾਲ ਸਬੰਧਤ ਸਾਰੇ ਕੰਮਾਂ ਦੀ ਸਖ਼ਤ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਉਪਰੋਕਤ ਸਾਈਟ ਕਲੀਅਰ ਨਾ ਹੋਣ ਕਰਕੇ ਇਹ ਇੱਕ ਗੰਭੀਰ ਮਸਲਾ ਬਣਿਆ ਹੋਇਆ ਹੈ ਜਿਸ ਤੇ ਮਾਣਯੋਗ ਐਨ.ਜੀ.ਟੀ ਵੱਲੋਂ ਇਸ ਦਾ ਗੰਭੀਰ ਨੋਟਿਸ ਲਿਆ ਗਿਆ ਹੈ।

3. ਇੱਥੇ ਇਹ ਵੀ ਦੱਸਣਯੋਗ ਹੈ ਕਿ ਮੌਕੇ ਤੇ ਸਾਈਟ ਕਲੀਅਰ ਨਾ ਹੋਣ ਕਾਰਣ ਨਗਰ ਨਿਗਮ ਲੁਧਿਆਣਾ ਵੱਲੋਂ ਕਬਜਾਧਾਰੀਆਂ ਨਾਲ ਗੱਲਬਾਤ ਕਰਕੇ ਵਿਸ਼ੇ ਅਧੀਨ ਸਾਈਟ ਨੂੰ ਕਲੀਅਰ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਪਰੰਤੂ ਅਜੇ ਤੱਕ ਕਬਜਾਧਾਰੀਆਂ ਵੱਲੋਂ ਸਾਈਟ ਦਾ ਕਬਜਾ ਨਹੀਂ ਛੱਡਿਆ ਗਿਆ ਹੈ ਅਤੇ ਇਸ ਲਈ ਇਸ ਕਾਰਵਾਈ ਨੂੰ ਕਾਫੀ ਸਮਾਂ ਲੱਗ ਸਕਦਾ ਹੈ।

4. ਇਸ ਲਈ ਕੰਮ ਦੀ ਮਹੱਤਤਾ ਅਤੇ ਜਰੂਰਤ ਨੂੰ ਵੇਖਦੇ ਹੋਏ ਆਪ ਨੂੰ ਲਿਖਿਆ ਜਾਂਦਾ ਹੈ ਕਿ ਕਿਉਂ ਜੋ ਇਹ ਮਸਲਾ ਨਗਰ ਨਿਗਮ ਲੁਧਿਆਣਾ ਦੀ ਸਾਖ ਨਾਲ ਜੁੜਿਆ ਹੋਇਆ ਹੈ, ਇਸ ਲਈ ਨਗਰ ਨਿਗਮ ਲੁਧਿਆਣਾ ਨੂੰ ਇਸ ਇਲਾਕੇ ਵਿੱਚ ਕੋਈ ਹੋਰ ਬਦਲਵੀਂ ਯੋਗ ਸਾਈਟ ਦਿੱਤੀ ਜਾਵੇ, ਜਿੱਥੇ ਕੰਪੈਕਟਰ ਸ਼ੈੱਡ ਬਣਾਇਆ ਜਾ ਸਕੇ।

5. ਕਿਉਂ ਜੋ ਇਹ ਮਸਲਾ ਮਾਣਯੋਗ ਐਨ.ਜੀ.ਟੀ ਦੇ ਵਿਸ਼ੇਸ਼ ਧਿਆਨ ਵਿੱਚ ਹੈ ਅਤੇ ਜੇਕਰ ਪੰਜਾਬ ਮੰਡੀ ਬੋਰਡ ਵੱਲੋਂ ਮਿੱਥੇ ਸਮੇਂ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਮਾਣਯੋਗ ਐਨ.ਜੀ.ਟੀ ਵੱਲੋਂ ਇਸ ਸਬੰਧੀ ਕਿਸੇ ਵੀ ਤਰਾਂ ਦੇ ਪ੍ਰਤੀਕੂਲ ਆਦੇਸ਼ਾਂ ਦੀ ਜਿੰਮੇਵਾਰੀ ਪੰਜਾਬ ਮੰਡੀ ਬੋਰਡ ਦੀ ਹੋਵੇਗੀ।

ਨਿਗਰਾਨ ਇੰਜੀਨੀਅਰ ਕਮ ਨੋਡਲ ਅਫ਼ਸਰ
ਲੁਧਿਆਣਾ ਸਮਾਰਟ ਸਿਟੀ ਲਿਮਟਿਡ

ਨੰ. 594/2/SE(LSCL) ਮਿਤੀ 01-8-2024

ਉਪਰੋਕਤ ਦਾ ਉਤਾਰਾ ਮਾਣਯੋਗ ਸੀ.ਈ.ਓ, ਲੁਧਿਆਣਾ ਸਮਾਰਟ ਸਿਟੀ ਲਿਮਟਿਡ ਜੀ ਨੂੰ ਸੂਚਨਾ ਵਾਸਤੇ ਭੇਜਿਆ ਜਾਂਦਾ ਹੈ।

ਨਿਗਰਾਨ ਇੰਜੀਨੀਅਰ ਕਮ ਨੋਡਲ ਅਫ਼ਸਰ
ਲੁਧਿਆਣਾ ਸਮਾਰਟ ਸਿਟੀ ਲਿਮਟਿਡ

4771/SE/LSCL 16/10/24

# ਦਫਤਰ ਜਿਲ੍ਹਾ ਮੰਡੀ ਅਫਸਰ, ਪੰਜਾਬ ਮੰਡੀ ਬੋਰਡ

ਜਿਲ੍ਹਾ ਮੰਡੀ ਭਵਨ, ਦਾਣਾ ਮੰਡੀ, ਗਿੱਲ ਰੋਡ, ਲੁਧਿਆਣਾ।
ਫੋਨ ਨੰ : 0161-2500248, ਈ-ਮੇਲ:-pmb.dmoldh@punjab.gov.in

ਪੱਤਰ ਨੰ:/ 607 ਮਿਤੀ: 11-10-2024

ਨਿਗਰਾਨ ਇੰਜੀਨੀਅਰ ਕਮ ਨੋਡਲ ਅਫਸਰ,
ਲੁਧਿਆਣਾ ਸਮਾਰਟ ਸਿਟੀ ਲਿਮਟਿਡ।

Xen Balwinder
18/10/24

ਵਿਸ਼ਾ : ਦਾਣਾ ਮੰਡੀ ਗਿੱਲ ਰੋਡ ਵਿਖੇ ਕੰਪੈਕਟਰ ਸੈੱਡ ਬਣਾਉਣ ਲਈ ਬਦਲਵੀ ਸਾਈਟ ਦੇਣ ਸਬੰਧੀ।

ਹਵਾਲਾ : ਆਪ ਜੀ ਦਾ ਪੱਤਰ ਨੰ: 622/SE(LSCL) ਮਿਤੀ 01-10-2024

ਉਪਰੋਕਤ ਵਿਸ਼ੇ ਤੇ ਹਵਾਲੇ ਵਿੱਚ ਦਰਜ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਬਿਨੇ ਸਹਿਤ ਲਿਖਿਆ ਜਾਂਦਾ ਹੈ ਕਿ ਦਾਣਾ ਮੰਡੀ ਗਿੱਲ ਰੋਡ ਵਿਖੇ ਕੰਪੈਕਟਰ ਸ਼ੈੱਡ ਬਣਾਉਣ ਲਈ ਬਦਲਵੀਂ ਸਾਈਟ ਦੇਣ ਸਬੰਧੀ ਮੁੱਖ ਦਫਤਰ, ਪੰਜਾਬ ਮੰਡੀ ਬੋਰਡ ਮੋਹਾਲੀ ਵਲੋਂ ਫੈਸਲਾ ਲਿਆ ਜਾਣਾ ਹੈ। ਇਸ ਸਬੰਧੀ ਅਗਲੇਰੀ ਲੋੜੀਂਦੀ ਕਾਰਵਾਈ ਲਈ ਕੇਸ ਮੁੱਖ ਦਫਤਰ ਵਿਖੇ ਭੇਜਿਆ ਹੋਇਆ ਹੈ। ਸਾਉਂਣੀ ਸੀਜਨ 2024-25 ਪੀਕ ਤੇ ਹੋਣ ਕਾਰਨ ਉੱਚ ਅਧਿਕਾਰੀਆਂ ਦੇ ਰੁਝੇਵਿਆਂ ਕਾਰਨ ਦਾਣਾ ਮੰਡੀ ਗਿੱਲ ਰੋਡ ਵਿਖੇ ਕੰਪੈਕਟਰ ਸ਼ੈੱਡ ਬਣਾਉਣ ਲਈ ਬਦਲਵੀਂ ਸਾਈਟ ਦੇਣ ਸਬੰਧੀ ਅਜੇ ਤੱਕ ਕੋਈ ਫੈਸਲਾ ਨਹੀਂ ਲਿਆ ਗਿਆ ਜਦੋਂ ਵੀ ਮੁੱਖ ਦਫਤਰ ਵਲੋਂ ਇਸ ਸਬੰਧੀ ਕੋਈ ਫੈਸਲਾ ਲਿਆ ਜਾਂਦਾ ਹੈ ਤਾਂ ਆਪ ਜੀ ਨੂੰ ਤੁਰੰਤ ਸੂਚਨਾ ਭੇਜ ਦਿੱਤੀ ਜਾਵੇਗੀ।

SDr (Nandan)

ਜਿਲ੍ਹਾ ਮੰਡੀ ਅਫਸਰ,
ਲੁਧਿਆਣਾ।

Photo copy sent to Sh. Nandan AE 22/10/24

Ludhiana SMART CITY

## ਲੁਧਿਆਣਾ ਸਮਾਰਟ ਸਿਟੀ ਲਿਮਟਿਡ

ਵੱਲ

ਜ਼ਿਲ੍ਹਾ ਮੰਡੀ ਅਫ਼ਸਰ,
ਪੰਜਾਬ ਮੰਡੀ ਬੋਰਡ, ਲੁਧਿਆਣਾ।

ਨੰ. 643/SE(LSCL) ਮਿਤੀ 21/10/24

**ਵਿਸ਼ਾ: ਦਾਣਾ ਮੰਡੀ, ਗਿੱਲ ਰੋਡ ਵਿਖੇ ਕੰਪੈਕਟਰ ਸ਼ੈੱਡ ਬਣਾਉਣ ਲਈ ਬਦਲਵੀਂ ਸਾਈਟ ਦੇਣ ਸਬੰਧੀ।**

**ਹਵਾਲਾ: ਨਗਰ ਨਿਗਮ ਲੁਧਿਆਣਾ ਨੂੰ ਕੰਪੈਕਟਰ ਲਗਾਉਣ ਲਈ ਜਗ੍ਹਾ ਦੇਣ ਬਾਰੇ ਮੀਟਿੰਗ ਮਿਤੀ 19-10-2023**
**ਇਸ ਦਫ਼ਤਰ ਦਾ ਪੱਤਰ ਨੰ. 622/SE/LSCL ਮਿਤੀ 01-10-2024 ਅਤੇ 593/1/SE/LSCL ਮਿਤੀ 01-08-2024**

ਉਪਰੋਕਤ ਵਿਸ਼ੇ ਸਬੰਧੀ ਮਿਤੀ 19-10-2023 ਨੂੰ ਕੀਤੀ ਗਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਦਾਣਾ ਮੰਡੀ, ਗਿੱਲ ਰੋਡ 'ਤੇ ਕੰਪੈਕਟਰ ਸ਼ੈੱਡ ਬਣਾਉਣ ਲਈ ਨਗਰ ਨਿਗਮ ਲੁਧਿਆਣਾ ਨੂੰ ਦਿੱਤੀ ਜਾਣੀ ਨਿਰਧਾਰਿਤ ਜਗ੍ਹਾ 'ਤੇ ਕਬਜ਼ਾਧਾਰੀ ਮੌਜੂਦ ਹਨ। ਇਸ ਇਲਾਕੇ ਵਿੱਚ ਝੁੱਗੀਆਂ, ਝੌਂਪੜੀਆਂ ਅਤੇ ਮਕਾਨ ਬਣੇ ਹੋਏ ਹਨ, ਜਿੱਥੇ ਬਿਜਲੀ ਦੇ ਮੀਟਰ ਵੀ ਲੱਗੇ ਹੋਏ ਹਨ। ਇਸ ਦੇ ਕਾਰਨ, ਉਕਤ ਸਾਈਟ ਤੇ ਕੰਪੈਕਟਰ ਸ਼ੈੱਡ ਬਣਾਉਣਾ ਸੰਭਵ ਨਹੀਂ ਹੈ।

2. ਮਾਣਯੋਗ ਐਨ.ਜੀ.ਟੀ. ਵੱਲੋਂ ਕੂੜੇ ਨਾਲ ਸਬੰਧਤ ਸਾਰੇ ਕੰਮਾਂ ਦੀ ਸਖ਼ਤ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਦਾਣਾ ਮੰਡੀ ਵਾਲੀ ਸਾਈਟ ਕਲੀਅਰ ਨਾ ਹੋਣ ਕਰਕੇ ਮਾਣਯੋਗ ਐਨ.ਜੀ.ਟੀ ਨੇ ਇਸ ਮਸਲੇ ਦਾ ਗੰਭੀਰ ਨੋਟਿਸ ਲਿਆ ਹੈ। ਪਹਿਲਾ ਵੀ ਇਸ ਮਸਲੇ ਨੂੰ ਹੱਲ ਕਰਨ ਲਈ ਬਦਲਵੀਂ ਸਾਈਟ ਮੁਹੱਈਆ ਕਰਵਾਉਣ ਲਈ ਇਸ ਦਫਤਰ ਵੱਲੋਂ ਹਵਾਲੇ ਅਧੀਨ ਪੱਤਰਾਂ ਰਾਹੀਂ ਲਿਖਿਆ ਗਿਆ ਸੀ, ਪਰ ਅਜੇ ਤੱਕ ਨਗਰ ਨਿਗਮ ਲੁਧਿਆਣਾ ਨੂੰ ਕੋਈ ਢੁਕਵੀਂ ਸਾਈਟ ਮੁਹੱਈਆ ਨਹੀਂ ਕਰਵਾਈ ਗਈ ਹੈ।

3. ਮਾਣਯੋਗ ਐਨ.ਜੀ.ਟੀ ਦੇ ਸਖ਼ਤ ਨਿਰਦੇਸ਼ਾਂ ਅਤੇ ਮਾਮਲੇ ਦੀ ਮਹੱਤਤਾ ਨੂੰ ਵੇਖਦੇ ਹੋਏ, ਮੁੜ ਤੋਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਨਗਰ ਨਿਗਮ ਲੁਧਿਆਣਾ ਨੂੰ ਇਸ ਇਲਾਕੇ ਵਿੱਚ ਕੋਈ ਬਦਲਵੀਂ ਯੋਗ ਸਾਈਟ ਜਲਦ ਤੋਂ ਜਲਦ ਮੁਹੱਈਆ ਕਰਵਾਈ ਜਾਵੇ, ਤਾਂ ਜੋ ਕੰਪੈਕਟਰ ਸ਼ੈੱਡ ਦਾ ਕੰਮ ਸ਼ੁਰੂ ਕੀਤਾ ਜਾ ਸਕੇ। ਇਸ ਦੇ ਨਾਲ, ਜੇਕਰ ਸਮੇਂ ਸਿਰ ਇਹ ਮਾਮਲਾ ਹੱਲ ਨਾ ਕੀਤਾ ਗਿਆ, ਤਾਂ ਮਾਣਯੋਗ ਐਨ.ਜੀ.ਟੀ ਵੱਲੋਂ ਕਿਸੇ ਵੀ ਤਰਾਂ ਦੇ ਪ੍ਰਤੀਕੂਲ ਆਦੇਸ਼ ਆਉਣ ਦੀ ਜਿੰਮੇਵਾਰੀ ਪੰਜਾਬ ਮੰਡੀ ਬੋਰਡ ਦੀ ਹੋਵੇਗੀ।

ਇਸ ਨੂੰ ਅਤੀ ਜਰੂਰੀ ਸਮਝਿਆ ਜਾਵੇ।

ਨਿਗਰਾਨ ਇੰਜੀਨੀਅਰ ਕਮ ਨੋਡਲ ਅਫ਼ਸਰ
ਲੁਧਿਆਣਾ ਸਮਾਰਟ ਸਿਟੀ ਲਿਮਟਿਡ

ਨੰ. 644/SE(LSCL) ਮਿਤੀ 21/10/24

ਉਪਰੋਕਤ ਦਾ ਉਤਾਰਾ ਮਾਣਯੋਗ ਸੀ.ਈ.ਓ, ਲੁਧਿਆਣਾ ਸਮਾਰਟ ਸਿਟੀ ਲਿਮਟਿਡ ਜੀ ਨੂੰ ਸੂਚਨਾ ਵਾਸਤੇ ਭੇਜਿਆ ਜਾਂਦਾ ਹੈ।

ਨਿਗਰਾਨ ਇੰਜੀਨੀਅਰ ਕਮ ਨੋਡਲ ਅਫ਼ਸਰ

Ludhiana SMART CITY

ਲੁਧਿਆਣਾ ਸਮਾਰਟ ਸਿਟੀ ਲਿਮਟਿਡ

ਵੱਲ

ਜਿਲ੍ਹਾ ਮੰਡੀ ਅਫ਼ਸਰ,
ਪੰਜਾਬ ਮੰਡੀ ਬੋਰਡ, ਲੁਧਿਆਣਾ।

ਨੰ. 622/SE(LSCL) ਮਿਤੀ 01/10/2024

**ਵਿਸ਼ਾ: ਦਾਣਾ ਮੰਡੀ, ਗਿੱਲ ਰੋਡ ਵਿਖੇ ਕੰਪੈਕਟਰ ਸ਼ੈੱਡ ਬਣਾਉਣ ਲਈ ਬਦਲਵੀਂ ਸਾਈਟ ਦੇਣ ਸਬੰਧੀ।**

**ਹਵਾਲਾ: ਨਗਰ ਨਿਗਮ ਲੁਧਿਆਣਾ ਨੂੰ ਕੰਪੈਕਟਰ ਲਗਾਉਣ ਲਈ ਜਗ੍ਹਾ ਦੇਣ ਬਾਰੇ ਮੀਟਿੰਗ ਮਿਤੀ 19-10-2023**
**ਇਸ ਦਫ਼ਤਰ ਦਾ ਪੱਤਰ ਨੰ. 593/1/SE/LSCL ਮਿਤੀ 01-08-2024**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਮੰਡੀ ਬੋਰਡ ਅਤੇ ਨਗਰ ਨਿਗਮ ਲੁਧਿਆਣਾ ਵੱਲੋਂ ਮਿਤੀ 19-10-2023 ਨੂੰ ਕੀਤੀ ਗਈ ਮੀਟਿੰਗ ਵਿੱਚ ਲਏ ਗਏ ਫੈਸਲੇ ਅਨੁਸਾਰ ਦਾਣਾ ਮੰਡੀ, ਗਿੱਲ ਰੋਡ ਤੇ ਕੰਪੈਕਟਰ ਸ਼ੈੱਡ ਬਣਾਉਣ ਲਈ ਜਿਹੜੀ ਜਗ੍ਹਾ ਨਗਰ ਨਿਗਮ ਲੁਧਿਆਣਾ ਨੂੰ ਦਿੱਤੀ ਜਾਣੀ ਨਿਰਧਾਰਿਤ ਕੀਤੀ ਗਈ ਹੈ, ਉਸ ਜਗ੍ਹਾ ਤੇ ਝੁੱਗੀਆਂ ਝੌਂਪੜੀਆਂ ਅਤੇ ਮਕਾਨ ਬਣੇ ਹੋਏ ਹਨ ਜਿਹਨਾਂ ਤੇ ਬਿਜਲੀ ਦੇ ਮੀਟਰ ਵੀ ਲੱਗੇ ਹੋਏ ਹਨ।

2. ਮਾਣਯੋਗ ਐਨ.ਜੀ.ਟੀ. ਵੱਲੋਂ ਕੂੜੇ ਨਾਲ ਸਬੰਧਤ ਸਾਰੇ ਕੰਮਾਂ ਦੀ ਸਖ਼ਤ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਉਪਰੋਕਤ ਸਾਈਟ ਕਲੀਅਰ ਨਾ ਹੋਣ ਕਰਕੇ ਇਹ ਇੱਕ ਗੰਭੀਰ ਮਸਲਾ ਬਣਿਆ ਹੋਇਆ ਹੈ ਜਿਸ ਤੇ ਮਾਣਯੋਗ ਐਨ.ਜੀ.ਟੀ ਵੱਲੋਂ ਇਸ ਦਾ ਗੰਭੀਰ ਨੋਟਿਸ ਲਿਆ ਗਿਆ ਹੈ। ਇਸ ਲਈ ਹਵਾਲੇ ਅਧੀਨ ਪੱਤਰ ਰਾਹੀਂ ਦਾਣਾ ਮੰਡੀ, ਗਿੱਲ ਰੋਡ ਵਾਲੀ ਸਾਈਟ ਕਬਜਾਧਾਰੀਆਂ ਵੱਲੋਂ ਕਾਬਜ ਹੋਣ ਕਾਰਣ ਇਲਾਕੇ ਵਿੱਚ ਕੋਈ ਹੋਰ ਬਦਲਵੀ ਸਾਈਟ ਮੁਹੱਈਆ ਕਰਵਾਉਣ ਲਈ ਲਿਖਿਆ ਗਿਆ ਸੀ। ਪਰੰਤੂ ਅਜੇ ਤੱਕ ਨਗਰ ਨਿਗਮ ਲੁਧਿਆਣਾ ਨੂੰ ਕੋਈ ਢੁਕਵੀਂ ਸਾਈਟ ਨਹੀਂ ਦਿੱਤੀ ਗਈ ਹੈ।

3. ਇਸ ਲਈ ਕੰਮ ਦੀ ਮਹੱਤਤਾ ਅਤੇ ਜਰੂਰਤ ਨੂੰ ਵੇਖਦੇ ਹੋਏ ਆਪ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਕਿਉਂ ਜੋ ਇਹ ਮਸਲਾ ਸ਼ਹਿਰਵਾਸੀਆਂ ਦੀ ਸਿਹਤ ਅਤੇ ਕੂੜੇ ਦੀ ਸੰਭਾਲ ਨਾਲ ਜੁੜਿਆ ਹੋਇਆ ਹੈ, ਇਸ ਲਈ ਨਗਰ ਨਿਗਮ ਲੁਧਿਆਣਾ ਨੂੰ ਇਸ ਇਲਾਕੇ ਵਿੱਚ ਕੋਈ ਹੋਰ ਬਦਲਵੀਂ ਯੋਗ ਸਾਈਟ ਦਿੱਤੀ ਜਾਵੇ, ਜਿੱਥੇ ਕੰਪੈਕਟਰ ਸ਼ੈੱਡ ਬਣਾਇਆ ਜਾ ਸਕੇ।

4. ਇਹ ਇੱਕ ਭਖਦਾ ਮਸਲਾ ਹੋਣ ਕਰਕੇ ਮਾਣਯੋਗ ਐਨ.ਜੀ.ਟੀ ਦੇ ਵਿਸ਼ੇਸ਼ ਧਿਆਨ ਵਿੱਚ ਹੈ ਅਤੇ ਜੇਕਰ ਪੰਜਾਬ ਮੰਡੀ ਬੋਰਡ ਵੱਲੋਂ ਮਿੱਥੇ ਸਮੇਂ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ ਮਾਣਯੋਗ ਐਨ.ਜੀ.ਟੀ ਵੱਲੋਂ ਇਸ ਸਬੰਧੀ ਕਿਸੇ ਵੀ ਤਰਾਂ ਦੇ ਪ੍ਰਤੀਕੂਲ ਆਦੇਸ਼ਾਂ ਦੀ ਜਿੰਮੇਵਾਰੀ ਪੰਜਾਬ ਮੰਡੀ ਬੋਰਡ ਦੀ ਹੋਵੇਗੀ।

ਨਿਗਰਾਨ ਇੰਜੀਨੀਅਰ ਕਮ ਨੋਡਲ ਅਫ਼ਸਰ
ਲੁਧਿਆਣਾ ਸਮਾਰਟ ਸਿਟੀ ਲਿਮਟਿਡ

ਨੰ. 623/SE(LSCL) ਮਿਤੀ 01/10/2024

ਉਪਰੋਕਤ ਦਾ ਉਤਾਰਾ ਮਾਣਯੋਗ ਸੀ.ਈ.ਓ, ਲੁਧਿਆਣਾ ਸਮਾਰਟ ਸਿਟੀ ਲਿਮਟਿਡ ਜੀ ਨੂੰ ਸੂਚਨਾ ਵਾਸਤੇ ਭੇਜਿਆ ਜਾਂਦਾ ਹੈ।

ਨਿਗਰਾਨ ਇੰਜੀਨੀਅਰ ਕਮ ਨੋਡਲ ਅਫ਼ਸਰ
ਲੁਧਿਆਣਾ ਸਮਾਰਟ ਸਿਟੀ ਲਿਮਟਿਡ

**Annexure L4**

**Ludhiana Smart City Limited**

To
District Mandi Officer,
Punjab Mandi Board, Ludhiana.

622/SE (LSCL) Dated 01-10-2024

Topic: Regarding allotment of alternative site for construction of compactor shed at Dana Mandi, Gill Road.

Reference: Meeting about giving space to Municipal Corporation Ludhiana for installation of compactor dated 19-10-2023

1.) According to the decision taken by Punjab Mandi Board and Ludhiana Municipal Corporation in the meeting held on 19-10-2023 regarding the above subject, the land for construction of compactor shed at Dana Mandi, Gill Road has been decided to be given to Ludhiana Municipal Corporation. But slum huts and houses are built at that place, which are also equipped with electricity meters.

2.) All garbage related works are being strictly monitored by National Green Tribunal and due to the above site not being cleared it remains a serious issue which has been taken serious notice by the Hon'ble National Green Tribunal.

3.) It should also be mentioned here that due to the fact that the site was not cleared on occasion, Ludhiana Municipal Corporation has tried to clear the subject site by talking to the occupiers. But the occupiers have not yet vacated the site and hence this process may take a long time.

4.) Therefore, considering the importance and necessity of the work, it is written that since this issue is connected with the reputation of Ludhiana Municipal Corporation, Ludhiana Municipal Corporation should be given

another suitable site in this area, where the compactor A shed can be built.

5.) Since this matter is under the special attention of the Hon'ble NGT and if no action is taken by the Punjab Mandi Board within the stipulated time, then the responsibility of any adverse order passed by the Hon'ble NGT in this regard shall be borne by the Punjab.

Superintending

Engineer Cum Nodal Officer,

Ludhiana

Smart City Ltd